競爭事務委員會
COMPETITION
COMMISSION

香港黃竹坑黃竹坑道 8 號 South Island Place 19 樓
19/F, South Island Place, 8 Wong Chuk Hang Road,
Wong Chuk Hang, HONG KONG
T: +852 3462 2118 F: +852 2522 4997
Website: www.compcomm.hk

# ਨਸਲੀ ਬਰਾਬਰੀ ਨੂੰ ਉਤਸ਼ਾਹਿਤ ਕਰਨ ਲਈ ਮੌਜੂਦਾ ਅਤੇ ਯੋਜਨਾਬੱਧ ਉਪਾਅ

## ਮੁਕਾਬਲਾ ਆਯੋਗ

ਮੁਕਾਬਲਾ ਆਯੋਗ (ਆਯੋਗ) ਇੱਕ ਸੁਤੰਤਰ ਕਾਨੂੰਨੀ ਸੰਸਥਾ ਹੈ ਜੋ ਮੁਕਾਬਲਾ ਆਰਡੀਨੈਂਸ (ਕੈਪ. 619) (ਆਰਡੀਨੈਂਸ) ਅਧੀਨ ਸਥਾਪਤ ਕੀਤੀ ਗਈ ਹੈ। ਆਯੋਗ ਨੂੰ ਇੱਕ ਮੁਕਾਬਲੇ ਵਾਲੇ ਵਾਤਾਵਰਣ ਨੂੰ ਉਤਸ਼ਾਹਿਤ ਕਰਨ ਦਾ ਕੰਮ ਸੌਂਪਿਆ ਗਿਆ ਹੈ ਜੋ ਕਿ ਵਪਾਰ ਦੇ ਖੁੱਲੇ ਵਹਾਅ, ਕੁਸ਼ਲਤਾ ਅਤੇ ਨਵੀਨਤਾ ਦੇ ਅਨੁਕੂਲ ਹੋਵੇ, ਲਿਹਾਜ਼ਾ ਖਪਤਕਾਰਾਂ ਲਈ ਚੀਜ਼ਾਂ ਅਤੇ ਸੇਵਾਵਾਂ ਦੇ ਵਧੇਰੇ ਵਿਕਲਪ, ਬਿਹਤਰ ਗੁਣਵੱਤਾ ਅਤੇ ਕੀਮਤਾਂ ਲਿਆਵੇ। ਆਯੋਗ ਨਸਲੀ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ, ਜਨਤਾ ਦੇ ਸਾਰੇ ਮੈਂਬਰਾਂ ਦੁਆਰਾ ਇਸ ਦੀਆਂ ਸੇਵਾਵਾਂ ਤੱਕ ਬਰਾਬਰ ਪਹੁੰਚ ਨੂੰ ਯਕੀਨੀ ਬਣਾਉਣ ਨੂੰ ਬਹੁਤ ਮਹੱਤਵ ਦਿੰਦਾ ਹੈ।

### (A) <u>ਜਨਤਾ ਤੋਂ ਸ਼ਿਕਾਇਤਾਂ</u>

| | |
|---|---|
| ਸੰਬੰਧਿਤ ਸੇਵਾਵਾਂ | ਆਰਡੀਨੈਂਸ ਦੀਆਂ ਸੰਭਵ ਉਲੰਘਣਾਵਾਂ ਦੀ ਪਛਾਣ ਕਰਨ ਲਈ ਆਯੋਗ ਨੂੰ ਸ਼ਿਕਾਇਤਾਂ ਕਰਨ ਲਈ ਲੋਕਾਂ ਨੂੰ ਚੈਨਲ ਮੁਹੱਈਆ ਕਰਵਾਉਣਾ। |
| ਮੌਜੂਦਾ ਉਪਾਅ | ਕੋਈ ਵੀ ਵਿਅਕਤੀ ਜੋ ਸ਼ਿਕਾਇਤ ਕਰਨਾ ਚਾਹੁੰਦਾ ਹੈ ਉਹ ਆਯੋਗ ਨਾਲ ਫੋਨ / ਡਾਕ / ਈਮੇਲ / ਆਨਲਾਈਨ ਸ਼ਿਕਾਇਤ ਫਾਰਮ / ਵਿਅਕਤੀਗਤ ਤੌਰ ਤੇ (ਸਿਰਫ ਮੁਲਾਕਾਤ ਦੁਆਰਾ) ਸੰਪਰਕ ਕਰ ਸਕਦਾ ਹੈ।<br><br>ਉੱਪਰ ਦਿੱਤੇ ਚੈਨਲਾਂ ਵਿੱਚ ਚੀਨੀ ਅਤੇ / ਜਾਂ ਅੰਗਰੇਜ਼ੀ ਵਰਤੀ ਜਾ ਸਕਦੀ ਹੈ।<br>ਜਿੱਥੇ ਜਰੂਰੀ ਅਤੇ ਢੁਕਵਾਂ ਹੋਵੇਗਾ ਉੱਥੇ ਭਾਸ਼ਾ ਸੇਵਾਵਾਂ ਦਾ ਪ੍ਰਬੰਧ ਕੀਤਾ ਜਾਵੇਗਾ। |
| ਭਵਿੱਖ ਦੇ ਕੰਮ ਦਾ ਮੁਲਾਂਕਣ | ਆਯੋਗ ਸਮੇਂ ਸਮੇਂ ਤੇ ਲੋਕਾਂ ਦੀਆਂ ਜਰੂਰਤਾਂ ਦੀ ਪੂਰਤੀ ਲਈ ਉਪਰੋਕਤ ਉਪਾਵਾਂ ਦੀ ਸਮੀਖਿਆ ਕਰੇਗਾ। |

| | |
|---|---|
| ਵਾਧੂ ਕੀਤੇ ਗਏ / ਕੀਤੇ ਜਾਣ ਵਾਲੇ ਉਪਾਅ | ਆਯੋਗ ਉਨ੍ਹਾਂ ਸੇਵਾ ਉਪਭੋਗਤਾਵਾਂ, ਜਿਨ੍ਹਾਂ ਨੂੰ ਵਿਆਖਿਆ / ਅਨੁਵਾਦ ਸੇਵਾਵਾਂ ਦੀ ਜ਼ਰੂਰਤ ਹੈ, ਦੇ ਬਾਰੇ ਵਿੱਚ "ਵਿਆਖਿਆ / ਅਨੁਵਾਦ ਸੇਵਾਵਾਂ ਦੀ ਜ਼ਰੂਰਤ" ਅਤੇ "ਮਨਪਸੰਦ ਭਾਸ਼ਾ" ਦੀ ਜਾਣਕਾਰੀ ਇਕੱਠਾ ਕਰੇਗਾ, ਤਾਂਕਿ ਸਾਡੀਆਂ ਨੀਤੀਆਂ ਅਤੇ ਉਪਾਵਾਂ ਦੇ ਪ੍ਰਭਾਵ ਦੀ ਸਮੀਖਿਆ ਹੋ ਸਕੇ, ਅਤੇ ਸੇਵਾ ਦੇ ਨਿਰੰਤਰ ਸੁਧਾਰ ਨੂੰ ਸਮਰੱਥ ਬਣਾਇਆ ਜਾ ਸਕੇ। |

(B) <u>ਮੁਕਾਬਲਾ ਆਰਡੀਨੈਂਸ ਦਾ ਪ੍ਰਚਾਰ ਕਰਨ</u>

| | |
|---|---|
| ਸੰਬੰਧਿਤ ਸੇਵਾਵਾਂ | ਮੁਕਾਬਲੇ ਦੇ ਮਹੱਤਵ, ਅਤੇ ਆਰਡੀਨੈਂਸ ਕਿਵੇਂ ਮੁਕਾਬਲੇ ਨੂੰ ਉਤਸ਼ਾਹਿਤ ਕਰਦਾ ਹੈ, ਬਾਰੇ ਜਨਤਕ ਸਮਝ ਨੂੰ ਉਤਸ਼ਾਹਿਤ ਕਰਨ ਲਈ ਜਨਤਕ ਸਿੱਖਿਆ ਮੁਹਿੰਮਾਂ ਚਲਾਉਣਾ ਅਤੇ ਹੋਰ ਪਹਿਲਕਦਮੀਆਂ ਕਰਨਾ। |
| ਮੌਜੂਦਾ ਉਪਾਅ | ਸਿੱਖਿਆ ਸਮੱਗਰੀ (ਜਿਵੇਂ ਕਿ ਵੀਡੀਓ, ਪਰਚੇ, ਕਿਤਾਬਚੇ ਅਤੇ ਦਿਸ਼ਾ ਨਿਰਦੇਸ਼) ਅਤੇ ਮੁਹਿੰਮਾਂ ਦੀ ਜਾਣਕਾਰੀ ਚੀਨੀ ਅਤੇ ਅੰਗਰੇਜ਼ੀ ਵਿੱਚ ਦਿੱਤੀ ਜਾਂਦੀ ਹੈ।<br><br>ਆਰਡੀਨੈਂਸ ਬਾਰੇ ਸੈਮੀਨਾਰ ਅਤੇ ਵੇਰਵੇ ਕੈਂਟੋਨੀਜ਼ ਅਤੇ ਅੰਗਰੇਜ਼ੀ ਵਿੱਚ ਆਯੋਜਿਤ ਕੀਤੇ ਜਾਂਦੇ ਹਨ। ਜਿੱਥੇ ਜ਼ਰੂਰੀ ਅਤੇ ਉਚਿਤ ਹੋਵੇ ਉੱਥੇ ਸਮਕਾਲੀ ਵਿਆਖਿਆ ਸੇਵਾ ਦਾ ਪ੍ਰਬੰਧ ਕੀਤਾ ਜਾਵੇਗਾ।<br><br>ਕਾਨੂੰਨ ਅਤੇ ਸੋਧ, ਸਲਾਹ-ਮਸ਼ਵਰੇ ਅਤੇ ਜਨਤਕ ਰਜਿਸਟਰਾਂ ਆਦਿ ਦੀ ਜਾਣਕਾਰੀ ਆਯੋਗ ਦੀ ਵੈਬਸਾਈਟ 'ਤੇ ਚੀਨੀ ਅਤੇ ਅੰਗਰੇਜ਼ੀ ਵਿਚ ਉਪਲਬਧ ਹੈ। |
| ਭਵਿੱਖ ਦੇ ਕੰਮ ਦਾ ਮੁਲਾਂਕਣ | ਆਯੋਗ ਉਪਰੋਕਤ ਉਪਾਵਾਂ ਦੀ ਸਮੀਖਿਆ ਕਰੇਗਾ ਅਤੇ ਲੋੜ ਅਨੁਸਾਰ ਇਨ੍ਹਾਂ ਨੂੰ ਵਧਾਏਗਾ। |

(C) <u>ਅਮਲੇ ਦੀ ਸਿਖਲਾਈ</u>

| | |
|---|---|
| ਸੰਬੰਧਿਤ ਸੇਵਾਵਾਂ | ਕਮਿਸ਼ਨ ਆਪਣੇ ਕਾਨੂੰਨੀ ਕਾਰਜਾਂ ਨੂੰ ਪੂਰਾ ਕਰਨ ਲਈ ਸਟਾਫ਼ ਮੈਂਬਰਾਂ ਨੂੰ ਸਿਖਲਾਈ ਪ੍ਰਦਾਨ ਕਰਦਾ ਹੈ। |
| ਮੌਜੂਦਾ ਉਪਾਅ | ਸਟਾਫ਼ ਲਈ ਸਿਖਲਾਈ ਦਾ ਪ੍ਰਬੰਧ ਕੀਤਾ ਜਾਵੇਗਾ, ਅਤੇ ਕੰਮ ਵਾਲੀ ਥਾਂ 'ਤੇ ਨਸਲ ਨਾਲ ਸਬੰਧਤ ਮੁੱਦਿਆਂ ਪ੍ਰਤੀ ਉਨ੍ਹਾਂ ਦੀ ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਨੂੰ ਵਧਾਉਣ ਲਈ ਈਮੇਲ ਅਲਰਟ ਪ੍ਰਸਾਰਿਤ ਕੀਤੇ |

| | |
|---|---|
| | ਜਾਣਗੇ। ਸੰਬੰਧਿਤ ਦਿਸ਼ਾ-ਨਿਰਦੇਸ਼ ਅਤੇ ਜਾਣਕਾਰੀ ਉਹਨਾਂ ਦੇ ਆਸਾਨ ਹਵਾਲੇ ਲਈ ਕੇਂਦਰਿਤ ਰੂਪ ਵਿੱਚ ਇੰਟਰਾਨੈਟ 'ਤੇ ਮੁਹੱਈਆ ਕੀਤੀ ਗਈ ਹੈ। |
| ਭਵਿੱਖ ਦੇ ਕੰਮ ਦਾ ਮੁਲਾਂਕਣ | ਕਮਿਸ਼ਨ ਕੰਮ ਵਾਲੀ ਥਾਂ 'ਤੇ ਵਿਤਕਰੇ ਵਿਰੋਧੀ ਅਤੇ ਨਸਲੀ ਸਮਾਨਤਾ ਦੇ ਮੁੱਦਿਆਂ ਨੂੰ ਸ਼ਾਮਲ ਕਰਨ ਲਈ ਆਪਣੇ ਸਿਖਲਾਈ ਪ੍ਰੋਗਰਾਮ ਦੀ ਨਿਯਮਿਤ ਤੌਰ 'ਤੇ ਸਮੀਖਿਆ ਕਰੇਗਾ। ਸਟਾਫ ਮੈਂਬਰਾਂ ਨੂੰ ਕੰਮ ਵਾਲੀ ਥਾਂ 'ਤੇ ਨਸਲੀ ਸਮਾਨਤਾ ਦੀ ਸਮਝ ਨੂੰ ਡੂੰਘਾ ਕਰਨ ਲਈ ਵਿਭਿੰਨਤਾ ਅਤੇ ਸਮਾਨਤਾ ਬਾਰੇ ਸਿਖਲਾਈ ਵਿੱਚ ਸ਼ਾਮਲ ਹੋਣ ਲਈ ਨਾਮਜ਼ਦ ਕੀਤਾ ਜਾਵੇਗਾ। |
| ਵਾਧੂ ਕੀਤੇ ਗਏ / ਕੀਤੇ ਜਾਣ ਵਾਲੇ ਉਪਾਅ | ਲੋੜ ਪੈਣ 'ਤੇ, ਕਮਿਸ਼ਨ ਸਾਰੇ ਸਟਾਫ਼ ਮੈਂਬਰਾਂ ਨੂੰ ਅਨੁਕੂਲ ਸਿਖਲਾਈ ਪ੍ਰਦਾਨ ਕਰਨ ਵਿੱਚ ਸਹਾਇਤਾ ਲਈ ਬਰਾਬਰ ਮੌਕੇ ਕਮਿਸ਼ਨ ਜਾਂ ਹੋਰ ਗੈਰ-ਸਰਕਾਰੀ ਸੰਗਠਨਾਂ ਨਾਲ ਸੰਪਰਕ ਕਰੇਗਾ, ਜੋ ਕੰਮ ਵਾਲੀ ਥਾਂ 'ਤੇ ਨਸਲੀ ਵਿਤਕਰੇ ਦੇ ਮੁੱਦਿਆਂ ਬਾਰੇ ਉਨ੍ਹਾਂ ਦੀ ਸਮਝ ਨੂੰ ਮਜ਼ਬੂਤ ਕਰੇਗਾ। |

ਪੁੱਛਗਿੱਛ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਚੈਨਲਾਂ ਰਾਹੀਂ ਪ੍ਰਸ਼ਾਸਨ ਅਧਿਕਾਰੀ, ਮਿਸ ਐਂਨਾ ਯੁੰਗ (Ms. Anna Yeung) ਨਾਲ ਸੰਪਰਕ ਕਰੋ -


| | |
|---|---|
| ਫੋਨ: | 3462 2118 |
| ਫੈਕਸ: | 2522 4997 |
| ਈਮੇਲ: | enquiry@compcomm.hk |
| ਡਾਕ ਪਤਾ: | 19 / ਐਫ, ਸਾਊਥ ਆਈਲੈਂਡ ਪਲੇਸ, 8 ਵੋਂਗ ਚੁਕ ਹਾਂਗ ਰੋਡ, ਵੋਂਗ ਚੁਕ ਹਾਂਗ, ਹਾਂਗ ਕਾਂਗ |
| Postal address: | 19/F, South Island Place, 8 Wong Chuk Hang Road, Wong Chuk Hang, Hong Kong |


**ਮੁਕਾਬਲਾ ਆਯੋਗ (Competition Commission)**
**ਮਈ 2026**